# ਔਨਲਾਈਨ ਸੈਸ਼ਨਾਂ ਲਈ ਖਤਰਿਆਂ ਤੇ ਕੰਟਰੋਲ ਅਤੇ ਵਤੀਰੇ ਬਾਰੇ ਗਾਈਡਲਾਈਨਾਂ

## ਗਰੁੱਪ ਗਾਈਡਲਾਈਨਾਂ – ਵਤੀਰੇ ਬਾਰੇ ਉਮੀਦਾਂ

ਸਕੂਲ ਵਿਚ ਪ੍ਰੋਗਰਾਮ ਦੇ ਪਹਿਲੇ ਦਿਨ ਦੌਰਾਨ, ਤੁਹਾਨੂੰ ਗਰੁੱਪ ਐਗਰੀਮੈਂਟ ਕਰਨ ਬਾਰੇ ਚੇਤੇ ਹੋ ਸਕਦਾ ਹੈ। ਇਸ ਐਗਰੀਮੈਂਟ ਦਾ ਮੰਤਵ ਹਰ ਇਕ ਦੀ ਸੁਰੱਖਿਅਤ ਤਰੀਕੇ ਨਾਲ ਮਦਦ ਕਰਨਾ ਅਤੇ ਹਰ ਸੈਸ਼ਨ ਵਿੱਚੋਂ ਵੱਧ ਤੋਂ ਵੱਧ ਪ੍ਰਾਪਤ ਕਰਨਾ ਸੀ। ਹੁਣ ਅਸੀਂ ਕਿਉਂਕਿ ਔਨਲਾਈਨ ਮਿਲ ਰਹੇ ਹਾਂ, ਅਸੀਂ ਹੇਠਾਂ ਇਹ ਐਗਰੀਮੈਂਟ ਤਿਆਰ ਕੀਤੇ ਹਨ। ਅਸੀਂ ਇਹ ਅਗਾਊਂ ਹੀ ਸਾਂਝੇ ਕਰ ਰਹੇ ਹਾਂ ਤਾਂ ਜੋ ਤੁਸੀਂ ਇਕੱਠਿਆਂ ਦੇ ਸਾਡੇ ਸਮੇਂ ਦੌਰਾਨ ਵਤੀਰੇ ਦੀਆਂ ਉਮੀਦਾਂ ਬਾਰੇ ਜਾਣ ਸਕੋ।

- ਸੈਸ਼ਨ ਵਿਚ ਜੋ ਕਿਹਾ ਜਾਂਦਾ ਹੈ ਉਹ ਸੈਸ਼ਨ ਵਿਚ ਹੀ ਰਹਿੰਦਾ ਹੈ, ਜੇ ਕਿਸੇ ਦੀ ਸੇਫਟੀ ਨੂੰ ਕੋਈ ਖਤਰਾ ਨਾ ਹੋਵੇ। ਜੇ ਵਾਈ ਡਬਲਯੂ ਸੀ ਏ ਦਾ ਸਟਾਫ ਇਹ ਸੋਚਦਾ ਹੋਵੇ ਕਿ ਕਿਸੇ ਨੂੰ ਮਦਦ ਦੀ ਲੋੜ ਹੋ ਸਕਦੀ ਹੈ ਤਾਂ ਅਸੀਂ ਪੈਰਵੀ ਕਰਾਂਗੇ ਅਤੇ ਢੁਕਵੇਂ ਕਦਮ ਚੁੱਕਾਂਗੇ।
- ਸੈਸ਼ਨ ਨੂੰ ਰਿਕਾਰਡ ਨਾ ਕਰੋ ਜਾਂ ਇਸ ਦੇ ਸਕਰੀਨਸ਼ੌਟ ਨਾ ਲਉ
- ਹੋਰਨਾਂ ਨੂੰ ਸੁਣੋ
- ਵਿਘਨ ਪੈਣ ਨੂੰ ਘੱਟ ਤੋਂ ਘੱਟ ਰੱਖੋ ਅਤੇ ਹਾਜ਼ਰ ਰਹੋ
- ਮਦਦ ਮੰਗਣਾ ਜਾਂ ਗਲਤੀ ਕਰਨਾ ਓਕੇ ਹੈ
- ਥਾਂ ਲਉ ਅਤੇ ਦਿਉ। ਅਸੀਂ ਚਾਹੁੰਦੇ ਹਾਂ ਕਿ ਜਿਹੜਾ ਵੀ ਹਿੱਸਾ ਲੈਣਾ ਚਾਹੁੰਦਾ ਹੈ ਉਸ ਨੂੰ ਮੌਕਾ ਮਿਲੇ। ਕਿਰਪਾ ਕਰਕੇ ਇਹ ਪੱਕਾ ਕਰਨ ਵਿਚ ਸਾਡੀ ਮਦਦ ਕਰੋ ਕਿ ਆਪਣੇ ਵਿਚਾਰ ਦੱਸ ਕੇ ਹਰ ਇਕ ਨੂੰ ਹਿੱਸਾ ਲੈਣ ਦਾ ਮੌਕਾ ਮਿਲੇ ਅਤੇ ਹੋਰਨਾਂ ਨੂੰ ਮੌਕਾ ਦਿੱਤਾ ਜਾਵੇ
- ਇਨ੍ਹਾਂ ਗੱਲਾਂ ਨਾਲ ਕੋਈ ਸਮਝੌਤਾ ਨਹੀਂ: ਸਾਡੀ ਤਰਜੀਹ ਇਹ ਪੱਕਾ ਕਰਨਾ ਹੈ ਕਿ ਸੈਸ਼ਨ ਹਰ ਇਕ ਲਈ ਸੁਰੱਖਿਅਤ ਅਤੇ ਹਰ ਇਕ ਨੂੰ ਸ਼ਾਮਲ ਕਰਨ ਵਾਲੇ ਹਨ। ਇਸ ਦਾ ਮਤਲਬ ਹੈ ਕਿ ਜੇ ਹਿੱਸਾ ਲੈਣ ਵਾਲਾ ਕੋਈ ਇਸ ਤਰੀਕੇ ਨਾਲ ਵਰਤਾਉ ਕਰਦਾ ਹੈ ਜਿਹੜਾ ਧੱਕੇਸ਼ਾਹੀ ਵਾਲਾ (ਬੁਲੀਇੰਗ) ਹੈ, ਜਾਂ ਅਜਿਹੇ ਸ਼ਬਦ ਵਰਤਦਾ ਹੈ ਜਿਹੜੇ ਹੋਰਨਾਂ ਦੀ ਬੇਇਜ਼ਤੀ ਕਰਨ ਵਾਲੇ ਹਨ (ਜਿਵੇਂ ਕਿ ਸੈਕਸਿਸਟ, ਰੇਸਿਸਟ, ਹੋਮੋਫੋਬਿਕ, ਟ੍ਰਾਂਸਫੋਬਿਕ) ਤਾਂ ਸਾਨੂੰ ਉਸ ਨੂੰ ਸੈਸ਼ਨ ਵਿੱਚੋਂ ਕੱਢਣ ਦੀ ਲੋੜ ਪੈ ਸਕਦੀ ਹੈ

## ਹਿੱਸਾ ਲੈਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪ੍ਰਾਈਵੇਸੀ ਦੀ ਰੱਖਿਆ

ਅਸੀਂ ਇਹ ਸਮਝਦੇ ਹਾਂ ਕਿ ਔਨਲਾਈਨ ਮੀਟਿੰਗਾਂ, ਸਾਡੇ ਕੰਪਿਊਟਰਾਂ ਤੋਂ ਪ੍ਰਾਈਵੇਟ ਜਾਣਕਾਰੀ ਹੈਕਰਾਂ ਦੇ ਹੱਥਾਂ ਵਿਚ ਜਾਣ ਦਾ ਸੰਭਾਵੀ ਖਤਰਾ ਪੈਦਾ ਕਰ ਸਕਦੀਆਂ ਹਨ, ਅਤੇ ਇਸ ਦੇ ਨਾਲ ਨਾਲ ਸਾਡੇ ਵੈੱਬਕੈਮਜ਼ ਜਾਂ ਚੈਟ ਤੋਂ ਪ੍ਰਾਈਵੇਟ ਜਾਣਕਾਰੀ ਅਣਜਾਣੇ ਹੀ ਸਾਂਝੀ ਕਰ ਹੋ ਜਾਣ ਦਾ ਵੀ। ਸਾਡੇ ਇਕੱਠਿਆਂ ਦੇ ਸਮੇਂ ਦੌਰਾਨ ਇਨ੍ਹਾਂ ਖਤਰਿਆਂ ਨੂੰ ਘੱਟ ਤੋਂ ਘੱਟ ਕਰਨ ਵਿਚ ਮਦਦ ਕਰਨ ਲਈ ਕਿਰਪਾ ਕਰਕੇ ਹੇਠਲੇ ਕਦਮਾਂ ਦੀ ਪਾਲਣਾ ਕਰੋ।

- ਸੈਸ਼ਨ ਵਿਚ ਸ਼ਾਮਲ ਹੋ ਰਹੇ ਗਰੇਡ 7 ਦੇ ਵਿਦਿਆਰਥੀ ਦਾ ਸਿਰਫ ਪਹਿਲਾ ਨਾਂ ਅਤੇ ਗੋਤ ਦਾ ਪਹਿਲਾ ਅੱਖਰ ਹੀ ਵਰਤੋ
- ਜ਼ੂਮ ਸੈਸ਼ਨਾਂ ਲਈ ਲਿੰਕ ਜਾਂ ਪਾਸਵਰਡ ਕਿਸੇ ਹੋਰ ਨਾਲ ਸਾਂਝਾ ਨਾ ਕਰੋ
- ਆਪਣਾ ਵੈੱਬਕੈਮ ਵਰਤਣ ਵੇਲੇ ਪਿਛਲੇ ਪਾਸੇ ਦੀਆਂ ਚੀਜ਼ਾਂ ਵੱਲ ਧਿਆਨ ਦਿਉ। ਕਿਰਪਾ ਕਰਕੇ ਕੋਈ ਵੀ ਅਜਿਹੀ ਚੀਜ਼ ਰੱਖਣ ਤੋਂ ਪਰਹੇਜ਼ ਕਰੋ ਜਿਹੜੀ ਤੁਹਾਡਾ ਗੋਤ ਜਾਂ ਸਥਾਨ ਦੱਸਦੀ ਹੋਵੇ
- ਤੁਹਾਡੀ ਪ੍ਰਾਈਵੇਸੀ ਦੀ ਰੱਖਿਆ ਕਰਨ ਲਈ, ਅਤੇ ਸੈਸ਼ਨਾਂ ਦੀ ਸਾਮੱਗਰੀ ਨੂੰ ਕੰਟਰੋਲ ਕਰਨ ਲਈ ਅਸੀਂ ਕਈ ਸੈਟਿੰਗਾਂ ਦੀ ਵਰਤੋਂ ਕਰਾਂਗੇ। ਇਸ ਦਾ ਮਤਲਬ ਹੈ ਕਿ ਚੈਟ ਫੀਚਰ ਸਿਰਫ ਗਰੁੱਪ ਅਤੇ ਫਾਸਿਲੀਟੇਟਰ ਨਾਲ ਸਾਂਝੇ ਤੌਰ `ਤੇ ਸੁਨੇਹਾ ਦੇਣ ਲਈ ਹੀ ਵਰਤਿਆ ਜਾ ਸਕਦਾ ਹੈ ਅਤੇ ਇਹ ਇਕ ਹਿੱਸਾ ਲੈਣ ਵਾਲੇ ਤੋਂ ਦੂਜੇ ਹਿੱਸਾ ਲੈਣ ਵਾਲੇ ਤੱਕ ਸੁਨੇਹੇ ਲਈ ਨਹੀਂ ਵਰਤਿਆ ਜਾ ਸਕਦਾ, ਅਤੇ ਮਾਈਕਰੋਫੋਨ ਦੀ ਵਰਤੋਂ ਕਰਨ ਲਈ ਤੁਹਾਨੂੰ ਆਪਣਾ ਹੱਥ ਖੜ੍ਹਾ ਕਰਨਾ ਪਵੇਗਾ

ਜ਼ੂਮ ਤੋਂ ਸਿੱਧੇ ਸਕਿਉਰਟੀ ਅਪਡੇਟਸ ਦੀ ਪਾਲਣਾ ਕਰਨ ਲਈ ਕਿਰਪਾ ਕਰਕੇ **ਇੱਥੇ ਕਲਿੱਕ ਕਰੋ।**


ਜ਼ੂਮ ਡਾਊਨਲੋਡ, ਇਨਸਟਾਲ ਕਰਨ, ਅਤੇ ਵਰਤਣ ਬਾਰੇ ਹਿਦਾਇਤਾਂ ਲਈ ਇਸ ਡਾਕੂਮੈਂਟ ਦਾ ਅਗਲਾ ਹਿੱਸਾ ਪੜ੍ਹੋ।

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਰਪਾ ਕਰਕੇ ਸਾਨੂੰ ਈਮੇਲ ਕਰਕੇ ਦੱਸੋ: Jonanne at


jgage@ywcavan.org

**ਜ਼ੂਮ ਡਾਊਨਲੋਡ ਅਤੇ ਇਨਸਟਾਲ ਕਰਨਾ**

1. https://zoom.us/download ਤੋਂ ਜ਼ੂਮ ਐਪ ਡਾਊਨਲੋਡ ਕਰੋ
2. **ਜ਼ੂਮ ਕਲਾਇੰਟ ਫਾਰ ਮੀਟਿੰਗਜ਼** ਹੈਡਿੰਗ ਹੇਠ **ਡਾਊਨਲੋਡ** ਬਟਨ `ਤੇ ਕਲਿੱਕ ਕਰੋ





3. ਆਪਣੇ ਬਰਾਊਜ਼ਰ ਦੀ ਵਿੰਡੋ ਦੇ ਹੇਠਾਂ ਇਨਸਟਾਲ ਹੋਇਆ ਸੌਫਟਵੇਅਰ ਦੇਖੋ



4. ਇਨਸਟਾਲ ਹੋਏ ਸੌਫਟਵੇਅਰ ਦੇ ਨਾਲ ^ **ਚਿੰਨ੍ਹ** ਉੱਪਰ ਕਲਿੱਕ ਕਰੋ




5. **ਓਪਨ** `ਤੇ ਕਲਿੱਕ ਕਰੋ। ਇਹ ਇਨਸਟਾਲ ਕਰਨ ਦਾ ਕਾਰਜ ਸ਼ੁਰੂ ਕਰੇਗਾ
6. ਜੇ ਤੁਹਾਨੂੰ ਇਹ ਪੁੱਛਣ ਵਾਲਾ ਸੁਨੇਹਾ ਮਿਲੇ ਕਿ ਇਨਸਟਾਲ ਨੂੰ ਕਨਫਰਮ ਕਰੋ ਤਾਂ **ਯੈੱਸ** ਕਲਿੱਕ ਕਰੋ। ਇਸ ਨਾਲ ਇਕ ਜ਼ੂਮ ਵਿੰਡੋ ਖੁੱਲ੍ਹੇਗੀ
7. **ਜੋਆਇਨ ਏ ਮੀਟਿੰਗ** `ਤੇ ਕਲਿੱਕ ਕਰੋ
8. ਈਮੇਲ ਰਾਹੀਂ ਭੇਜੀ ਗਈ **ਮੀਟਿੰਗ ਆਈ ਡੀ** ਇੰਟਰ ਕਰੋ
9. **ਯੂਅਰ ਨੇਮ** ਬੌਕਸ ਵਿਚ ਆਪਣਾ ਨਾਂ ਇੰਟਰ ਕਰੋ।
   - **ਔਨਲਾਈਨ ਸੈਸ਼ਨਾਂ ਦੌਰਾਨ ਆਪਣੀ ਨਿੱਜੀ ਸਕਿਉਰਟੀ ਲਈ, ਸਿਰਫ ਆਪਣਾ ਪਹਿਲਾ ਨਾਂ ਅਤੇ ਗੋਤ ਦਾ ਪਹਿਲਾ ਅੱਖਰ ਹੀ ਵਰਤੋ (ਜਿਵੇਂ ਸੈਮ ਟੀ.)**
10. **ਜੋਆਇਨ** ਬਟਨ `ਤੇ ਕਲਿੱਕ ਕਰੋ





ਯੂਟਿਊਬ ਹਿਦਾਇਤਾਂ: https://www.youtube.com/watch?v=yPVlybnDtms

ਜ਼ੂਮ ਦੀ ਵਰਤੋਂ ਕਰਨਾ

ਔਨਲਾਈਨ ਸੈਸ਼ਨਾਂ ਵਿਚ ਤੁਹਾਡੀ ਸ਼ਮੂਲੀਅਤ ਅਤੇ ਸੇਫਟੀ ਵਿਚ ਮਦਦ ਕਰਨ ਲਈ ਜ਼ੂਮ ਕਈ ਵੱਖ ਵੱਖ ਫੀਚਰਾਂ ਵਾਲਾ ਹੈ।


*ਬੰਦ ਕੀਤੇ ਹੋਏ ਮਾਈਕਰੋਫੋਨ*

- ਹਿੱਸਾ ਲੈਣ ਵਾਲੇ ਸਾਰਿਆਂ ਦੇ ਮਾਈਕਰੋਫੋਨ ਫਾਸਿਲੀਟੇਟਰਾਂ ਵਲੋਂ ਬੰਦ ਕੀਤੇ ਜਾਣਗੇ, ਜੋ ਕਿ ਤੁਹਾਡੀ ਸਕਰੀਨ ਦੇ ਹੇਠਾਂ ਜ਼ੂਮ ਟਾਸਕਬਾਰ ਉੱਪਰ ਮਾਈਕਰੋਫੋਨ ਦੇ ਨਿਸ਼ਾਨ ਰਾਹੀਂ ਲਾਲ ਲਾਈਨ ਵਜੋਂ ਦਿਖਾਈ ਦੇਣਗੇ। ਸਿਰਫ ਫਾਸਿਲੀਟੇਟਰ ਹੀ ਮਾਈਕਰੋਫੋਨਾਂ ਨੂੰ ਚਲਾ ਸਕਦੇ ਹਨ।





*ਆਪਣਾ ਹੱਥ ਖੜ੍ਹਾ ਕਰਨਾ*

- ਲਾਈਵ ਸੈਸ਼ਨਾਂ ਦੌਰਾਨ, ਜਦੋਂ ਤੁਸੀਂ ਬੋਲਣਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਰੇਜ਼ ਯੁਅਰ ਹੈਂਡ (ਆਪਣਾ ਹੱਥ ਖੜ੍ਹਾ ਕਰਨਾ) ਵਾਲਾ ਫੀਚਰ ਵਰਤਣਾ ਪਵੇਗਾ। ਫਿਰ ਫਾਸਿਲੀਟੇਟਰ ਤੁਹਾਡਾ ਮਾਈਕਰੋਫੋਨ ਖੋਲ੍ਹਣਗੇ ਤਾਂ ਜੋ ਤੁਸੀਂ ਬੋਲ ਸਕੋ ਅਤੇ ਹਰ ਇਕ ਤੁਹਾਨੂੰ ਸੁਣ ਸਕੇ।





- ਆਪਣਾ ਹੱਥ ਖੜ੍ਹਾ ਕਰਨ ਲਈ, ਪਾਰਟੀਸੀਪੈਂਟਸ ਬਟਨ ਕਲਿੱਕ ਕਰੋ। ਤੁਹਾਡੀ ਸਕਰੀਨ ਦੇ ਸੱਜੇ ਪਾਸੇ ਇਕ ਵਿੰਡੋ ਖੁੱਲ੍ਹੇਗੀ ਜੋ ਕਿ ਸੈਸ਼ਨ ਵਿਚ ਹਿੱਸਾ ਲੈਣ ਵਾਲੇ ਸਾਰੇ ਲੋਕਾਂ ਦੀ ਲਿਸਟ ਦਿਖਾਏਗੀ।




- ਇਸ ਵਿੰਡੋ ਦੇ ਹੇਠਾਂ ਤੁਸੀਂ ਕਈ ਚੋਣਾਂ ਦੇਖੋਗੇ, ਜਿਸ ਵਿਚ ਆਪਣਾ ਹੱਥ ਖੜ੍ਹਾ ਕਰਨਾ ਵੀ ਸ਼ਾਮਲ ਹੈ। ਆਪਣੇ ਮਾਈਕਰੋਫੋਨ ਉੱਪਰ ਬੋਲਣ ਦੀ ਆਗਿਆ ਲੈਣ ਲਈ ਇਸ ਉੱਪਰ ਕਲਿੱਕ ਕਰੋ।

*ਚੈਟ*


- ਚੈਟ ਫੀਚਰ ਸੈੱਟ ਕੀਤਾ ਜਾਵੇਗਾ ਤਾਂ ਜੋ ਤੁਸੀਂ ਸਿਰਫ ਗਰੁੱਪ ਅਤੇ ਫਾਸਿਲੀਟੇਟਰਾਂ ਨੂੰ ਹੀ ਸੁਨੇਹਾ ਭੇਜ ਸਕੋ। ਤੁਸੀਂ ਪ੍ਰਾਈਵੇਟ ਸੁਨੇਹੇ ਭੇਜਣ ਜਾਂ ਹਿੱਸਾ ਲੈਣ ਵਾਲੇ ਹੋਰ ਲੋਕਾਂ ਤੋਂ ਪ੍ਰਾਈਵੇਟ ਸੁਨੇਹੇ ਲੈਣ ਦੇ ਯੋਗ ਨਹੀਂ ਹੋਵੋਗੇ।




- ਚੈਟ ਦੀ ਵਰਤੋਂ ਕਰਨ ਲਈ, ਆਪਣੀ ਸਕਰੀਨ ਦੇ ਹੇਠਾਂ ਜ਼ੂਮ ਟਾਸਕਵਾਰ ਵਿਚ ਚੈਟ ਬਟਨ ਉੱਪਰ ਕਲਿੱਕ ਕਰੋ। ਇਕ ਚੈਟ ਵਿੰਡੋ ਖੁੱਲ੍ਹੇਗੀ ਜਿੱਥੇ ਤੁਸੀਂ ਆਪਣਾ ਸੁਨੇਹਾ ਟਾਈਪ ਕਰ ਸਕਦੇ ਹੋ। ਤਿਆਰ ਹੋਣ `ਤੇ ਸੁਨੇਹੇ ਨੂੰ ਭੇਜਣ ਲਈ “ਇੰਟਰ” ਦਬਾਉ।

*ਰੀਐਕਸ਼ਨ*


- ਰੀਐਕਸ਼ਨ ਸ਼ਬਦਾਂ ਦੀ ਵਰਤੋਂ ਕੀਤੇ ਬਿਨਾਂ ਜਵਾਬ ਦੇਣ ਦਾ ਇਕ ਤਰੀਕਾ ਹੈ।




- ਰੀਐਕਸ਼ਨਜ਼ ਬਟਨ `ਤੇ ਕਲਿੱਕ ਕਰੋ ਅਤੇ ਆਪਣਾ ਰੀਐਕਸ਼ਨ ਚੁਣੋ। ਇਹ ਦਿਖਾਈ ਦੇਵੇਗਾ ਅਤੇ ਥੋੜ੍ਹੇ ਸਮੇਂ ਲਈ ਤੁਹਾਡੀ ਸਕਰੀਨ ਦੇ ਉਪਰਲੇ ਖੱਬੇ ਖੂੰਜੇ `ਤੇ ਰਹੇਗਾ।

*ਆਪਣਾ ਵੈੱਬਕੈਮ ਚਲਾਉਣਾ/ਬੰਦ ਕਰਨਾ*


- ਤੁਹਾਡੇ ਵੈੱਬਕੈਮ ਨੂੰ ਜ਼ੂਮ ਟਾਸਕਬਾਰ ਉਪਰਲੇ ਵੀਡਿਓ ਦੇ ਨਿਸ਼ਾਨ ਨਾਲ ਕੰਟਰੋਲ ਕੀਤਾ ਜਾਂਦਾ ਹੈ। ਤੁਹਾਡੇ ਵੈੱਬਕੈਮ ਦੇ ਚੱਲਣ `ਤੇ ਇਹ ਨਿਸ਼ਾਨ ਹੇਠਾਂ “ਸਟੌਪ ਵੀਡਿਓ” ਸ਼ਬਦ ਕਹੇਗਾ। ਤੁਸੀਂ ਆਪਣੇ ਆਪ ਨੂੰ ਸਕਰੀਨ ਉੱਪਰ ਕਿਤੇ ਦੇਖੋਗੇ ਜੋ ਕਿ ਇਸ ਚੀਜ਼ `ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਵੀਡਿਓ ਦਾ ਖਾਨਾ ਕਿੱਥੇ ਹੈ।




- ਆਪਣਾ ਵੈੱਬਕੈਮ ਬੰਦ ਕਰਨ ਲਈ, ਵੀਡਿਓ ਦੇ ਨਿਸ਼ਾਨ ਉੱਪਰ ਕਲਿੱਕ ਕਰੋ। ਇਸ ਵਿਚ ਇਕ ਲਾਲ ਲਾਈਨ ਦਿਖਾਈ ਦੇਵੇਗੀ ਅਤੇ ਤੁਹਾਡਾ ਵੈੱਬਕੈਮ ਬੰਦ ਹੋ ਜਾਵੇਗਾ। ਤੁਸੀਂ ਹੁਣ ਸਕਰੀਨ ਉੱਪਰ ਆਪਣੇ ਵੀਡਿਓ ਵਾਲੇ ਖਾਨੇ ਵਿਚ ਆਪਣੇ ਚਿਹਰੇ ਦੀ ਬਜਾਏ ਸਿਰਫ ਆਪਣਾ ਨਾਂ ਹੀ ਦੇਖੋਗੇ।
- ਆਪਣਾ ਵੈੱਬਕੈਮ ਵਾਪਸ ਔਨ ਕਰਨ ਲਈ ਵੀਡਿਓ ਦੇ ਨਿਸ਼ਾਨ ਉੱਪਰ ਦੁਬਾਰਾ ਕਲਿੱਕ ਕਰੋ।

*ਬੈਕਗਰਾਊਂਡ ਪਾਉਣਾ*

- ਜ਼ੂਮ ਵਿਚ ਤੁਸੀਂ ਬੈਕਗਰਾਊਂਡ ਪਾ ਸਕਦੇ ਹੋ ਤਾਂ ਜੋ ਆਪਣਾ ਵੈੱਬਕੈਮ ਵਰਤਣ ਵੇਲੇ ਸਕਰੀਨ ਉੱਪਰ ਤੁਹਾਡੇ ਪਿੱਛੇ ਜੋ ਦਿਖਾਈ ਦਿੰਦਾ ਹੈ ਉਹ ਵੱਖਰਾ ਦਿਖਾਈ ਦੇਵੇ। ਇਸ ਨੂੰ "ਵਰਚੂਅਲ ਬੈਕਗਰਾਊਂਡ" ਆਖਿਆ ਜਾਂਦਾ ਹੈ।




- ਆਪਣੀ ਬੈਕਗਰਾਊਂਡ ਬਦਲਣ ਲਈ, ਜ਼ੂਮ ਟਾਸਕਬਾਰ ਉੱਪਰ ਵੀਡਿਓ ਦੇ ਨਿਸ਼ਾਨ ਦੇ ਨਾਲ ਉਪਰ ਵੱਲ ਦੇ ਤੀਰ ਉੱਪਰ ਕਲਿੱਕ ਕਰੋ। ਦਿਖਾਈ ਦੇਣ ਵਾਲੇ ਮੀਨੂੰ ਵਿਚ, ਚੂਜ਼ ਵਰਚੂਅਲ ਬੈਕਗਰਾਊਂਡ `ਤੇ ਕਲਿੱਕ ਕਰੋ। ਇਕ ਵਿੰਡੋ ਆਵੇਗੀ ਜੋ ਕਿ ਤੁਹਾਡੀ ਵਰਚੂਅਲ ਬੈਕਗਰਾਊਂਡ ਦੀਆਂ ਚੋਣਾਂ ਦਿਖਾਏਗੀ। ਜਿਹੜੀ ਤੁਸੀਂ ਚਾਹੁੰਦੇ ਹੋਵੋ ਉਹ ਸਲੈਕਟ ਕਰੋ ਅਤੇ ਫਿਰ ਪੌਪ-ਅੱਪ ਵਿੰਡੋ ਬੰਦ ਕਰ ਦਿਉ।
- ਵਰਚੂਅਲ ਬੈਕਗਰਾਊਂਡ ਉਦੋਂ ਬਿਹਤਰ ਕੰਮ ਕਰਦੀ ਹੈ ਜਦੋਂ ਤੁਹਾਡੀ ਕੰਧ ਜਾਂ ਤੁਹਾਡੇ ਪਿੱਛੇ ਪਰਦਾ ਸਾਫ ਹੁੰਦੇ ਹਨ ਅਤੇ ਤੁਹਾਡੇ ਕੱਪੜੇ ਉਸ ਵਰਚੂਅਲ ਬੈਕਗਰਾਊਂਡ ਨਾਲੋਂ ਵੱਖਰੇ ਰੰਗ ਦੇ ਹੁੰਦੇ ਹਨ ਜਿਹੜੀ ਤੁਸੀਂ ਵਰਤਣਾ ਚਾਹੁੰਦੇ ਹੋ।
- ਜੇ ਵਰਚੂਅਲ ਬੈਕਗਰਾਊਂਡ ਫੀਚਰ ਕੰਮ ਨਾ ਕਰੇ ਤਾਂ ਇਸ ਦਾ ਸੰਭਵ ਅਰਥ ਇਹ ਹੈ ਕਿ ਇਹ ਅਜੇ ਸੈੱਟ ਨਹੀਂ ਕੀਤਾ ਗਿਆ ਹੈ। ਇਸ ਨੂੰ ਸੈੱਟ ਕਰਨ ਲਈ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ: https://support.zoom.us/hc/en-us/articles/210707503-Virtual-Background.